ਨਿਊਜ਼ ਰਿਲੀਜ਼

# ਵਧੇਰੇ ਐਲਬਰਟਾ ਨਿਵਾਸੀਆਂ ਨੂੰ ਹੋਰ ਤੇਜ਼ੀ ਨਾਲ ਵੈਕਸੀਨ ਲਗਾਉਣਾ

3 ਮਾਰਚ 2021

---

## ਐਲਬਰਟਾ ਕੋਵਿਡ-19 ਵੈਕਸੀਨ ਦੀ ਪਹਿਲੀ ਅਤੇ ਦੂਸਰੀ ਖੁਰਾਕ ਦਰਮਿਆਨ ਸਮਾਂ ਵਧਾ ਰਿਹਾ ਹੈ।

10 ਮਾਰਚ ਤੋਂ ਸ਼ੁਰੂ ਕਰਦਿਆਂ, ਕੋਈ ਵੀ ਉਹ ਵਿਅਕਤੀ ਜਿਹੜਾ ਵੈਕਸੀਨ ਦੀ ਪਹਿਲੀ ਖੁਰਾਕ ਬੁੱਕ ਕਰਦਾ ਹੈ, ਉਨ੍ਹਾਂ ਦੀ ਦੂਸਰੀ ਖਰਾਕ ਦੀ ਸਮਾਂ-ਰੇਖਾ ਚਾਰ ਮਹੀਨਿਆਂ ਤੱਕ ਵਧ ਜਾਵੇਗੀ, ਅਤੇ ਐਪੁਆਇੰਟਮੈਂਟ ਕਿਸੇ ਬਾਦ ਦੀ ਤਰੀਕ 'ਤੇ ਬੁੱਕ ਕੀਤੀ ਜਾਵੇਗੀ।

ਸਾਹਮਣੇ ਆ ਰਹੇ ਸਬੂਤ ਦਰਸਾਉਂਦੇ ਹਨ ਕਿ ਮੌਜੂਦਾ ਸਮੇਂ ਮਨਜ਼ੂਰਸ਼ੁਦਾ ਸਾਰੇ ਵੈਕਸੀਨਾਂ ਦੀਆਂ ਪਹਿਲੀਆਂ ਖੁਰਾਕਾਂ, ਪਹਿਲੀ ਖੁਰਾਕ ਤੋਂ ਮਗਰੋਂ ਦੇ ਸਮੇਂ 'ਚ ਗੰਭੀਰ ਰੂਪ 'ਚ ਬੀਮਾਰੀ ਲੱਗ ਸਕਣ ਤੋਂ ਘੱਟ ਘੱਟ ੮੦ ਪ੍ਰਤਿਸ਼ਤ ਬਚਾਅ ਕਰਦੀਆਂ ਜਾਪਦੀਆਂ ਹਨ।

ਦੂਸਰੀ ਖੁਰਾਕ ਲਈ 16 ਹਫਤਿਆਂ ਦੀ ਸਮਾਂ-ਰੇਖਾ ਐਲਬਰਟਾ ਨੂੰ ਬ੍ਰਿਟਿਸ਼ ਕੁਲੰਬੀਆ ਅਤੇ ਹੋਰ ਅਧਿਕਾਰ ਖੇਤਰਾਂ ਦੇ ਬਰਾਬਰ ਇਕੋ ਲਾਈਨ 'ਚ ਲੈ ਆਉਂਦੀ ਹੈ।

ਜੇਕਰ ਫੈਡਰਲ ਸਰਕਾਰ ਵੱਲੋਂ ਵੈਕਸੀਨ ਦੀ ਪੂਰਵ-ਅਨੁਮਾਨਤ ਸਮੇਂ ਅਨੁਸਾਰ ਸਪਲਾਈ ਪਹੁੰਚੀ ਜਾਂਦੀ ਹੈ, ਤਾਂ ਅਸੀਂ ਐਲਬਰਟਾ ਨਿਵਾਸੀਆਂ ਨੂੰ ਜਿੰਨੀ ਜਲਦੀ ਸੁਰੱਖਿਅਤ ਰੂਪ 'ਚ ਸੰਭਵ ਹੋ ਸਕਿਆ, ਵੈਕਸੀਨ ਦੀਆਂ ਖੁਰਾਕਾਂ ਦੇਣੀਆਂ ਜਾਰੀ ਰੱਖਾਂਗੇ।

"ਅਸੀਂ ਹਰੇਕ ਐਲਬਰਟਾ ਨਿਵਾਸੀ ਨੂੰ ਸੁਰੱਖਿਅਤ ਰੱਖਣ ਲਈ ਉੱਤਮ ਉਪਲਬਧ ਸਬੂਤਾਂ ਦੇ ਆਧਾਰ 'ਤੇ ਕੰਮ ਕਰ ਰਹੇ ਹਾਂ। ਇਹ ਤਬਦੀਲੀ ਹਜ਼ਾਰਾਂ ਐਲਬਰਟਾ ਨਿਵਾਸੀਆਂ ਨੂੰ ਆਪਣਾ ਵੈਕਸੀਨ ਵਧੇਰੇ ਛੇਤੀ ਲਗਵਾ ਸਕਣ ਦੇ ਯੋਗ ਬਣਾਵੇਗੀ, ਜਦੋਂ ਕਿ ਅਸੀਂ ਫਿਰ ਵੀ ਯਕੀਨੀ ਬਣਾ ਰਹੇ ਹੋਵਾਂਗੇ ਕਿ ਹਰ ਕੋਈ ਦੂਸਰੀ ਖੁਰਾਕ ਦੀ ਸੁਰੱਖਿਆ ਪ੍ਰਾਪਤ ਕਰ ਸਕੇ। ਜਿੰਨੀ ਜ਼ਿਆਦਾ ਤੇਜ਼ੀ ਨਾਲ ਅਸੀਂ ਐਲਬਰਟਾ ਨਿਵਾਸੀਆਂ ਨੂੰ ਵੈਕਸੀਨ ਲਗਾਵਾਂਗੇ, ਉਨੀ ਹੀ ਛੇਤੀ ਅਸੀਂ ਸੂਬੇ ਭਰ 'ਚ ਹੋਰ ਪਾਬੰਦੀਆਂ 'ਚ ਸੁਰੱਖਿਆ ਸਹਿਤ ਢਿੱਲ ਦੇ ਸਕਣ ਦੇ ਯੋਗ ਹੋ ਸਕਾਂਗੇ।"

*— Tyler Shandro, ਮਿਨਿਸਟਰ ਆਫ ਹੈਲਥ*

"ਕੋਵਿਡ-19 ਨਾਲ ਸਬੰਧਤ ਸਬੂਤ ਲਗਾਤਾਰ ਵਿਕਸਤ ਹੋ ਰਹੇ ਹਨ। ਅਸੀਂ ਹੋਰ ਖੇਤਰਾਂ 'ਚ ਹੋਈ ਰਿਸਰਚ ਤੋਂ ਵੇਖਿਆ ਹੈ ਕਿ ਮੌਡਰਨਾਂ ਜਾਂ ਫਾਇਜ਼ਰ ਵੈਕਸੀਨਾਂ ਦੀ ਇਕ ਖੁਰਾਕ ਬੀਮਾਰੀ ਨਾਲ ਲੜਨ ਦੀ ਸਰੀਰ ਦੀ ਤਾਕਤ ਨੂੰ ਬਹੁਤ ਵਧਾ ਦਿੰਦੀ ਹੈ, ਘੱਟੋ ਘੱਟ ੮੦ ਪ੍ਰਤਿਸ਼ਤ ਸੁਰੱਖਿਆ ਬਣਾ ਦਿੰਦੀ ਹੈ। ਅਸੀਂ ਐਲਬਰਟਾ ਨਿਵਾਸੀਆਂ ਨੂੰ ਉੱਤਮ ਪ੍ਰਕਾਰ ਦੀ ਸੁਰੱਖਿਆ ਦੇਣ ਲਈ ਅਸਲ ਸਮੇਂ 'ਚ ਹੋ ਰਹੀ ਰਿਸਰਚ ਨੂੰ ਧਿਆਨ 'ਚ ਰੱਖਦਿਆਂ ਆਪਣੀ ਵੈਕਸੀਨ ਲਗਾਉਣ ਦੀ ਯੋਜਨਾਂ ਨੂੰ ਐਡਜਸਟ ਕਰਨਾਂ ਜਾਰੀ ਰੱਖਾਂਗੇ।"

*— Dr. Deena Hinshaw, ਚੀਫ ਮੈਡੀਕਲ ਅਫਸਰ ਆਫ ਹੈਲਥ*

ਦੂਸਰੀ ਖੁਰਾਕ ਲਈ ਸਾਰੀਆਂ ਮੌਜੂਦਾ ਐਪੁਆਇੰਮੈਂਟਾਂ ਨੂੰ ਪੂਰਿਆਂ ਕੀਤਾ ਜਾਵੇਗਾ। ਕੋਈ ਵੀ ਵਿਅਕਤੀ, ਜਿਸਨੇ ਆਪਣੀ ਪਹਿਲੀ ਖੁਰਾਕ 10 ਮਾਰਚ ਤੋਂ ਪਹਿਲਾਂ ਪ੍ਰਾਪਤ ਕਰ ਲਈ, ਉਹ 42 ਦਿਨਾਂ ਦੇ ਅੰਦਰ ਅੰਦਰ ਆਪਣੀ ਦੂਸਰੀ ਖੁਰਾਕ ਪ੍ਰਾਪਤ ਕਰ ਲਵੇਗਾ।

10 ਮਾਰਚ ਤੋਂ ਸ਼ੁਰੂ ਹੁੰਦਿਆਂ, ਯੋਗ ਐਲਬਰਟਾ ਨਿਵਾਸੀ ਕੇਵਲ ਆਪਣੀ ਪਹਿਲੀ ਖੁਰਾਕ ਦੀ ਐਪੁਆਇੰਮੈਂਟ ਹੀ ਬੁੱਕ ਕਰ ਸਕਣਗੇ। ਉਹ ਐਲਬਰਟਾ ਹੈਲਥ ਸਰਵਿਸਿਜ਼ ਜਾਂ ਵੈਕਸੀਨ ਲਗਾਉਣ 'ਚ ਹਿੱਸਾ ਲੈ ਰਹੀ ਕਿਸੇ ਫਾਰਮੇਸੀ ਵੱਲੋਂ ਕਿਸੇ ਬਾਦ ਦੀ ਤਰੀਕ 'ਤੇ ਆਪਣੀ ਦੂਸਰੀ ਖੁਰਾਕ ਲਈ ਐਪੁਆਇੰਮੈਂਟ ਬੁੱਕ ਕਰਨ ਕਰਨ ਲਈ ਰਿਮਾਈਂਡਰ ਪ੍ਰਾਪਤ ਕਰਨਗੇ।

1946 'ਚ ਜਾਂ ਇਸ ਤੋਂ ਪਹਿਲਾਂ ਜਨਮੇ ਐਲਬਰਟਾ ਨਿਵਾਸੀ ਕੈਲਗਰੀ, ਐਡਮਿੰਟਨ ਜਾਂ ਰੈੱਡ ਡੀਅਰ 'ਚ ਹਿੱਸਾ ਲੈ ਰਹੀ ਕਿਸੇ ਫਾਰਮੇਸੀ ਰਾਹੀਂ ਆਪਣੀ ਐਪੁਆਇੰਟਮੈਂਟ ਬੁੱਕ ਕਰ ਸਕਦੇ ਹਨ। ਉਹ ਐਲਬਰਟਾ ਹੈਲਥ ਸਰਵਿਸਿਜ਼ ਰਾਹੀਂ ਆਨਲਾਈਨ ਜਾਂ 811 'ਤੇ ਫੋਨ ਕਰਕੇ ਵੀ ਅਪੁਆਇੰਮੈਂਟਾਂ ਬੁੱਕ ਕਰ ਸਕਦੇ ਹਨ।

**ਐਲਬਰਟਾ ਸਰਕਾਰ ਸਹੀ ਪ੍ਰਕਾਰ ਦੇ ਉਪਾਵਾਂ ਸਹਿਤ ਬੀਮਾਰੀ ਦੇ ਕਰਵ ਨੂੰ ਘੱਟ ਕਰਨ, ਛੋਟੇ ਕਾਰੋਬਾਰਾਂ ਨੂੰ ਬਣੇ ਰੱਖਣ ਅਤੇ ਐਲਬਰਟਾ ਦੇ ਸਿਹਤ-ਸੰਭਾਲ ਪ੍ਰਬੰਧ ਨੂੰ ਬਚਾਈ ਰੱਖਣ ਨਾਲ ਲੋਕਾਂ ਦੀਆਂ ਜ਼ਿੰਦਗੀਆਂ ਅਤੇ ਰੋਜ਼ੀ-ਰੋਟੀ ਦੀ ਸੁਰੱਖਿਆ ਕਰਦਿਆਂ ਕੋਵਿਡ-19 ਮਹਾਂਮਾਰੀ ਦਾ ਮੁਕਾਬਲਾ ਕਰ ਰਹੀ ਹੈ।**

## ਫੌਰੀ ਤੱਥ

- ਅੱਜ ਦੀ ਤਰੀਕ ਤੱਕ, ਐਲਬਰਟਾ 'ਚ ਕੋਵਿਡ-19 ਵੈਕਸੀਨ ਦੀਆਂ 255,283 ਖੁਰਾਕਾਂ ਲਗਾਈਆਂ ਜਾ ਚੁੱਕੀਆਂ ਹਨ।
- 89,094 ਐਲਬਰਟਾ ਨਿਵਾਸੀਆਂ ਨੂੰ ਕੋਵਿਡ-19 ਵੈਕਸੀਨ ਦੀਆਂ ਦੋਵਾਂ ਖੁਰਾਕਾਂ ਸਹਿਤ ਪੂਰੀ ਤਰ੍ਹਾਂ ਵੈਕਸੀਨ ਲਗਾਏ ਜਾ ਚੁੱਕੇ ਹਨ।
- ਐਲਬਰਟਾ ਦੇ ਵੈਕਸੀਨ ਲਗਾਉਣ ਦੇ ਅਗਾਂਹ ਆਉਣ ਵਾਲੇ ਫੇਜ਼ਾਂ ਬਾਰੇ ਵਧੇਰੇ ਜਾਣਕਾਰੀ ਆਉਣ ਵਾਲੇ ਹਫਤਿਆਂ 'ਚ ਜਾਰੀ ਕੀਤੀ ਜਾਵੇਗੀ।

## ਸਬੰਧਤ ਜਾਣਕਾਰੀ

- COVID-19 vaccine program

## ਮੀਡੀਆ ਇਨਕੁਆਰੀਆਂ

Steve Buick

780-288-1735

Press Secretary, Health

Tom McMillan

780-422-4905

Assistant Director of Communications, Health

ਸਰਕਾਰ ਦੇ ਹੋਰ ਅਨੁਵਾਦਤ ਸਰੋਤਾਂ ਲਈ ਕਿਰਪਾ ਕਰਕੇ ਵੇਖੋ:: https://www.alberta.ca/covid-19-translated-resources.aspx.